**SET-4**

**Series SGN**

**Code No. 4**

Candidates must write the Code on the title page of the answer-book.

Roll No. | | | | | | | |

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ **8** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **16** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।

- Please check that this question paper contains **8** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **16** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 100*

*Time allowed : 3 hours* | *Maximum Marks : 100*

**1.** ਹੇਠਾਂ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *10*

ਭਾਵੇਂ ਵੇਦ ਇਲਹਾਮੀ ਹਨ, ਪਰ ਕੀ ਜਿਸ ਰੂਪ ਵਿੱਚ ਉਹ ਵੇਦ ਰਿਸ਼ੀਆਂ ਨੂੰ ਨਾਜ਼ਿਲ ਹੋਏ ਸਨ, ਠੀਕ ਉਸੇ ਰੂਪ ਵਿੱਚ ਸਾਡੇ ਤੱਕ ਅਪੜੇ ਹਨ ? ਉਦੋਂ ਤਾਂ ਲਿਖਣ ਲਈ ਕੋਈ ਲਿਪੀ ਹੀ ਨਹੀਂ ਸੀ, ਫੇਰ .. ਕਿਵੇਂ ਲਿਖੇ ਗਏ । ਇਹ ਤਾਂ ਰਿਸ਼ੀਆਂ ਦੇ ਅਨੁਆਈਆਂ ਨੇ ਆਪਣੇ ਚਿੱਤ-ਮੰਦਰ ਵਿੱਚ ਚੇਤੇ ਰਾਹੀਂ ਸੰਭਾਲ ਕੇ ਰੱਖੇ ਅਤੇ ਫੇਰ ਅੱਗੋਂ ਸੀਨਾ-ਬਸੀਨਾ ਤੁਰਦੇ ਆਏ । ਲੱਗਭੱਗ ਇੱਕ ਹਜ਼ਾਰ ਸਾਲ ਮਗਰੋਂ 'ਬ੍ਰਹਮੀ ਲਿਪੀ' ਹੋਂਦ ਵਿੱਚ ਆਈ ਤੇ ਵੇਦ ਮੰਤਰਾਂ ਨੇ ਲਿਖਤੀ ਰੂਪ ਲਿਆ । ਹਿੰਦੂ ਧਾਰਮਿਕ ਗ੍ਰੰਥਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ । ਇੱਕ ਹੈ ਸ਼ਰੁਤੀ ਅਤੇ ਦੂਜਾ ਸਮਰਿਤੀ । ਵੇਦ, ਉਪਨਿਸ਼ਦ ਸ਼ਰੁਤੀ ਵਿਚ ਸ਼ਾਮਿਲ ਕੀਤੇ ਜਾਂਦੇ ਹਨ ਅਤੇ ਸਿਮਰਤੀਆਂ ਜਿਵੇਂ ਮਨੂਸਮਰਿਤੀ ਅਤੇ ਪੁਰਾਣ ਸਮਰਿਤੀ ਵਰਗ ਵਿੱਚ ਆਉਂਦੇ ਹਨ । ਸ਼ਰੁਤੀ ਉਹ ਧਾਰਮਿਕ ਗ੍ਰੰਥ ਹਨ ਜਿਨ੍ਹਾਂ ਨੂੰ ਰਿਸ਼ੀਆਂ ਮੁਨੀਆਂ ਕੋਲੋਂ ਸੁਣ ਕੇ ਅਤੇ ਬਾਅਦ ਵਿਚ ਯਾਦ ਵਿਚੋਂ ਲਿਖਤ ਰੂਪ ਵਿੱਚ ਲਿਆਂਦਾ ਗਿਆ । ਇਸ ਪ੍ਰਕਾਰ ਸੰਭਵ ਹੈ ਕਿ ਲਿਪੀਬੱਧ ਹੋਣ ਤਕ ਇਨ੍ਹਾਂ ਵਿੱਚ ਥੋੜੀ ਬਹੁਤ ਸਿਲਵਟ ਵੀ ਹੋ ਗਈ ਹੋਵੇ ।

(ੳ) ਲਿਪੀ ਕੀ ਹੁੰਦੀ ਹੈ ?

(ਅ) ਵੇਦ-ਮੰਤਰ ਸਾਡੇ ਤਕ ਕਿਵੇਂ ਪਹੁੰਚੇ ?

(ੲ) ਸ਼ਰੁਤੀ ਨਾਲ ਕਿਹੜੇ ਗ੍ਰੰਥ ਸੰਬੰਧਿਤ ਹਨ ?

(ਸ) ਹਿੰਦੂ ਧਾਰਮਿਕ ਗ੍ਰੰਥਾਂ ਨੂੰ ਕਿਨ੍ਹਾਂ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ ?

(ਹ) 'ਸੀਨਾ-ਬਸੀਨਾ' ਅਤੇ 'ਇਲਹਾਮੀ' ਦੇ ਅਰਥ ਦੱਸੋ ।

**2.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇੱਕ*** ਉੱਤੇ (200 – 250 ਸ਼ਬਦਾਂ ਦਾ) ਲੇਖ ਲਿਖੋ : *10*

(ੳ) ਜੀਵਨ ਵਿੱਚ ਸਾਫ ਸਫਾਈ ਦਾ ਮਹਤੱਵ

(ਅ) ਗਰੀਬੀ ਦੀ ਸਮੱਸਿਆ

(ੲ) ਸ਼ਹੀਦ ਭਗਤ ਸਿੰਘ

(ਸ) ਜੀਵਨ ਵਿੱਚ ਧਰਮ ਦਾ ਮਹਤੱਵ

**3.** ਆਪਣੇ ਵਿਦੇਸ਼ ਵਸਦੇ ਮਿੱਤਰ ਨੂੰ ਉਸ ਕੋਲ ਪਹੁੰਚਣ ਅਤੇ ਕੁਝ ਦੇਰ ਰਹਿਣ ਦੇ ਪ੍ਰੋਗਰਾਮ ਬਾਰੇ ਈ ਮੇਲ ਰਾਹੀਂ ਦਸੋ । *7*

**ਜਾਂ**

ਆਪਣੇ ਘਰ ਦੇ ਪੁਰਾਣੇ ਫਰਨੀਚਰ ਨੂੰ ਵੇਚਣ ਲਈ ਅਖ਼ਬਾਰ ਵਾਸਤੇ ਇੱਕ ਇਸ਼ਤਿਹਾਰ ਤਿਆਰ ਕਰੋ ।

**4.** ਫਿਰਕੂ ਕਤਲਾਂ ਬਾਰੇ ਆਪਣੇ ਵਿਚਾਰ ਦਸਦਿਆਂ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ । *8*

**ਜਾਂ**

ਦੀਵਾਲੀ ਦੇ ਮਹਤੱਵ ਬਾਰੇ ਆਪਣੇ ਵਿਚਾਰਾਂ ਨੂੰ ਪੇਸ਼ ਕਰਦਿਆਂ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ।

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ***ਤਿੰਨ*** ਦੇ ਅਰਥ ਸੱਪਸ਼ਟ ਕਰੋ ਅਤੇ ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ : *3*

(ੳ) ਨੱਕ ਵੱਟਣਾ

(ਅ) ਦਾੜ੍ਹ ਹੇਠ ਆਉਣਾ

(ੲ) ਪੈਰ ਅੜਾਉਣੇ

(ਸ) ਭੂੰਡਾਂ ਦੇ ਖੱਖਰ ਨੂੰ ਹੱਥ ਪਾਉਣਾ

(ਹ) ਵਾਲ ਵਾਲ ਬਚਣਾ

**6.** (i) ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ-ਜੋੜ ਚੁਣੋ : *2*

(1) (ੳ) ਸੋਣਾ

(ਅ) ਸੌਣਾ

(ੲ) ਸੈਣਾ

(ਸ) ਸੌਨਾ

(2) (ੳ) ਝਾੜੂ

(ਅ) ਜਾਰੂ

(ੲ) ਜਾੜੂ

(ਸ) ਝਾਰੂ

(ii) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ : *2*

(ੳ) ਸੋਹਰਾ

(ਅ) ਗਿਹਣਾ

(iii) ਸ਼ਬਦ ਜੋੜਾਂ ਦੇ ਨੇਮਾਂ ਨੂੰ ਧਿਆਨ ਵਿੱਚ ਰਖਦਿਆ ਦੱਸੋ ਕਿ ਹੇਠ ਲਿਖੇ ਲਕੀਰੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਵਰਤਿਆ ਜਾਵੇ : *2*

(ੳ) ਕਿਸੇ ਨੂੰ <u>ਉਧਾਰ</u>/<u>ਉਦਾਰ</u> ਦੇਣਾ ਦੁਸ਼ਮਣੀ ਮੁੱਲ ਲੈਣਾ ਹੈ ।

(ਅ) ਉਨ੍ਹਾਂ ਨੂੰ ਗਵਾਚਿਆ ਹੋਇਆ ਕੁੱਤਾ <u>ਲੱਭ</u>/<u>ਲਬ</u> ਗਿਆ ਹੈ ।

**7.** ਹੇਠ ਲਿਖੇ ਪੈਰੇ ਨੂੰ ਸਹੀ ਵਿਸਰਾਮ-ਚਿੰਨ੍ਹ ਲਗਾਓ : *3*

ਮੈਂ ਜਿੱਥੇ ਵੀ ਰਿਹਾ ਹਾਂ ਨੇਕਨਾਮੀ ਹੀ ਲਈ ਹੈ ਬਦਨਾਮੀ ਨਹੀਂ ਇਸ ਸੰਬੰਧੀ ਤੁਸੀਂ ਮੇਰੇ ਕਿਸੇ ਜਾਣਕਾਰ ਪਾਸੋਂ ਵੀ ਪਤਾ ਕਰ ਸਕਦੇ ਹੋ ਵੈਸੇ ਮੈਨੂੰ ਝੂਠ ਬੋਲਣ ਦੀ ਕੀ ਲੋੜ ਹੈ

**8.** ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰ ਕੇ ਲਿਖੋ : *3*

(ੳ) ਤੂੰ, ਮੈਂ ਤੇ ਉਹ ਖਾਣਾ ਖਾਣ ਜਾਵੇਗਾ

(ਅ) ਕੁੱਤਾ ਇਹ ਪਾਲਤੂ ਹੈ

(ੲ) ਸੀਤਾ ਨੇ ਆਖਿਆ ਮੈਂ ਸਕੂਲ ਨਹੀ ਜਾਣਾ

**9.** ਹੇਠਾਂ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *8*

ਭਟਕਣ ਛੱਡ, ਲਟਕ ਲਾ ਇੱਕੋ
ਖੀਵੀ ਹੋ ਸੁੱਖ ਮਾਣੀ,
ਹੋਸ਼ਾਂ ਨਾਲੋਂ ਮਸਤੀ ਚੰਗੀ
ਰਖਦੀ ਸਦਾ ਟਿਕਾਣੇ ।

(i) 'ਹੋਸ਼ਾਂ ਨਾਲੋਂ ਮਸਤੀ ਚੰਗੀ' ਕਿਉਂ ਹੈ ?

(ii) 'ਭਟਕਣ' ਅਤੇ 'ਖੀਵੀ' ਦੇ ਅਰਥ ਸੱਪਸ਼ਟ ਕਰੋ ।

(iii) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ ?

(iv) ਇਹ ਸੱਤਰਾਂ ਕਿਸ ਤਰ੍ਹਾਂ ਦੇ ਜੀਵਨ ਦਾ ਸੰਦੇਸ਼ ਦਿੰਦੀਆਂ ਹਨ ?

**ਜਾਂ**

ਧਰਤੀ ਦੇ ਹੇਠਾਂ
ਕਦੇ ਧੌਲ ਸੀ
ਧਰਮ ਸੀ
ਹੁਣ ਮੇਰੀ ਧੀ ਹੈ

(i) ਇਨ੍ਹਾਂ ਸਤਰਾਂ ਦਾ ਪ੍ਰਮੁੱਖ ਭਾਵ ਕੀ ਹੈ ?

(ii) 'ਧਰਤੀ ਹੇਠ ਧੌਲ' ਦੇ ਕੀ ਅਰਥ ਹਨ ?

(iii) ਧੌਲ ਅਤੇ ਧਰਮ ਦੀ ਥਾਂ ਹੁਣ ਧੀ ਹੈ – ਇਹ ਕਹਿ ਕੇ ਕਵੀ ਕੀ ਕਹਿਣਾ ਚਾਹੁੰਦਾ ਹੈ ?

(iv) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ ?

**10.** ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *7*

ਨਿੱਕੀ ਜਿਹੀ ਜਿੰਦ ਮੇਰੀ ਤਾਹੀਓਂ,
ਨਿੱਕੇ ਰੱਬ ਨਾਲ ਪਾਇਆ ਪਿਆਰ
ਨਿੱਕੇ ਰੱਬ ਦੀਆਂ ਨਿੱਕੀਆਂ ਗੱਲਾਂ
ਨਿੱਕੇ ਰੋਸੇ, ਨਿੱਕੇ ਹਾਸੇ ।

**ਜਾਂ**

ਤਗ਼ਮਿਆਂ ਦੀ ਥਾਂ ਹਿਕ ਵਿਚ ਗੋਲੀਆਂ
ਇਹ ਵੀ ਇਕ ਸਨਮਾਨ ਦਾ ਅੰਦਾਜ਼ ਹੈ
ਇਹ ਨਹੀ ਆਕਾਸ਼ਵਾਣੀ ਦੋਸਤੋ
ਇਹ ਤਾਂ ਧੁਖ਼ਦੀ ਧਰਤੀ ਦੀ ਆਵਾਜ਼ ਹੈ

**11.** ਹੇਠਾਂ ਲਿਖੇ ਵਾਰਤਾਲਾਪ-ਅੰਸ਼ਾਂ ਨੂੰ ਪੜ੍ਹੋ ਅਤੇ ਕਿਸੇ ***ਇੱਕ*** ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *3*

ਸ਼ਾਮ ਹੋਈ । ਘੋਗੇ ਦਾ ਜਮਾਤੀ, ਇਕਬਾਲ ਉਹਨੂੰ ਮਿਲਣ ਆ ਗਿਆ । ਘੋਗੇ ਦੀ ਮਾਂ ਨੇ ਪਿਆਰਾ ਜਿਹਾ ਉਲਾਂਭਾ ਦਿੱਤਾ, ‘‘ਕਾਕਾ, ਤੂੰ ਤਾਂ ਆਉਣੋਂ ਈ ਹਟ ਗਿਆ ! ਮੈਂ ਤਾ ਇੱਕ ਦਿਨ ਘੋਗੇ ਨੂੰ ਪੁੱਛਿਆ, ਬਈ ਤੁਸੀਂ ਕਿਤੇ ਲੜ ਲੁੜ ਤਾਂ ਨੀ ਪਏ !’’

(i) ‘ਪਿਆਰਾ ਜਿਹਾ ਉਲਾਂਭਾ’ ਕੀ ਹੁੰਦਾ ਹੈ ?

(ii) ਘੋਗੇ ਦੀ ਮਾਂ ਦਾ ਉਲਾਂਭਾ ਕੀ ਹੈ ?

(iii) ਇਨ੍ਹਾਂ ਸਤਰਾਂ ਵਿੱਚ ਮਾਂ ਦੇ ਕਿਸ ਭਾਵ ਦਾ ਪ੍ਰਗਟਾਵਾ ਹੈ ?

**ਜਾਂ**

ਬਹੁਤ ਦਿਨਾਂ ਪਿਛੋਂ ਘੋਗਾ ਅੱਜ ਫੇਰ ਖੁਸ਼ ਸੀ । ਉਹ ਇੰਜ ਤੁਰ ਰਿਹਾ ਸੀ, ਜਿਵੇਂ ਉਹਦੇ ਪੈਰਾਂ ਨੂੰ ਖੰਭ ਲੱਗ ਗਏ ਹੋਣ । ਦਵਾਈ ਵਾਲੀ ਸ਼ੀਸ਼ੀ ਉਹਨੇ ਨਿਕੱਰ ਦੀ ਸੱਜੀ ਜੇਬ ਵਿੱਚ ਪਾ ਲਈ ਸੀ । ਜੇਬ ਨੂੰ ਉਹ ਸੱਜੇ ਹੱਥ ਨਾਲ ਵਾਰ-ਵਾਰ ਟੋਹ ਰਿਹਾ ਸੀ ।

(i) ਘੋਗਾ ਅੱਜ ਖ਼ੁਸ਼ ਕਿਉਂ ਸੀ ?

(ii) ਦਵਾਈ ਵਾਲੀ ਸ਼ੀਸ਼ੀ ਉਸਨੂੰ ਕਿਸ ਨੇ ਦਿੱਤੀ ਸੀ ?

(iii) ‘ਪੈਰਾਂ ਨੂੰ ਖੱਭ ਲਗਣ’ ਦੇ ਕੀ ਅਰਥ ਹਨ ?

12. 'ਗੁਆਚਿਆ ਮੁੰਡਾ' ਵਿੱਚ ਇਸ ਨਾਵਲ ਦਾ ਨਾਇਕ, ਘੋਗਾ ਦਿਸ਼ਾਹੀਣ ਕਿਉਂ ਹੈ ? *7*

**ਜਾਂ**

'ਗੁਆਚਿਆ ਮੁੰਡਾ' ਨਾਵਲ ਵਿਚ ਪੇਸ਼ ਘੋਗੇ ਦੇ ਵਿਵਹਾਰ ਨੂੰ ਸੱਪਸਟ ਕਰੋ ।

13. ਹੇਠਾਂ ਲਿਖੇ ਕਥਾ-ਅੰਸ਼ਾਂ ਵਿਚੋਂ ਕਿਸੇ ***ਇੱਕ*** ਦੇ ਹੇਠਲੇ ਪ੍ਰਸ਼ਨਾਂ ਦੇ ਉੱਤਰ ਲਿਖੋ : *2+2+1=5*

ਉਹ ਜਾਣਦੇ ਸਨ ਕਿ ਘਰ ਵਿੱਚ ਧੀ ਦਾ ਵਿਆਹ ਸੁਧਿਆ ਹੋਇਆ ਹੈ । ਸਿਆਣੇ-ਬਿਆਣੇ ਹੋ ਕੇ ਇਕ ਮੂਰਖ ਵਹਿਮ ਮਗਰ ਲਗ ਕੇ ਉਨ੍ਹਾਂ ਅਜਿਹੇ ਮੌਕੇ 'ਤੇ ਸਾਰੇ ਪਰਵਾਰ ਲਈ ਸ਼ਾਮਤ ਖੜੀ ਕਰ ਦਿੱਤੀ ਸੀ । ਸਮਝ ਨਹੀਂ ਸੀ ਆਉਂਦੀ ਕਿ ਕੀ ਕੀਤਾ ਜਾਏ ।

(i) ਘਰ ਵਿਚ ਇਸ ਸਾਰੇ ਵਾਤਾਵਰਣ ਦਾ ਕੀ ਕਾਰਣ ਹੈ ?

(ii) ਇਥੇ ਕਿਸ ਵਹਿਮ ਦੀ ਗਲ ਹੋ ਰਹੀ ਹੈ ?

(iii) 'ਵਿਆਹ ਸੁਧਣਾ' ਦੇ ਕੀ ਅਰਥ ਹਨ ?

**ਜਾਂ**

ਕੋਰੇ ਕੁੱਜੇ ਵਿਚ ਸੌ ਦਾ ਨੋਟ ਰਖਦੇ ਉਹਨੇ ਨਵੇਂ ਥਾਨ ਨਾਲੋਂ ਲੀਰ ਪਾੜ ਕੇ ਉਹਦਾ ਮੂੰਹ ਬੰਨ੍ਹ ਦਿੱਤਾ । ਕੁੱਜਾ ਉਹ ਕੱਚੀ ਕੋਠੀ ਵਿਚ ਰੱਖ ਕੇ ਲੰਮਾ ਪੈ ਗਿਆ । ਸਾਰੀ ਦੀ ਸਾਰੀ ਰਾਤ ਉਹ ਪਾਸੇ ਮਾਰਦਾ ਰਿਹਾ । ਉਹਨੂੰ ਨੀਂਦ ਨਹੀਂ ਸੀ ਆ ਰਹੀ ।

(i) ਉਸਨੂੰ ਸੌ ਦਾ ਨੋਟ ਕਿਥੋਂ ਮਿਲਿਆ ਸੀ ?

(ii) ਉਸਨੂੰ ਨੀਂਦ ਕਿਉਂ ਨਹੀਂ ਆ ਰਹੀ ਸੀ ?

(iii) 'ਪਾਸੇ ਮਾਰਨ' ਦੇ ਕੀ ਅਰਥ ਹਨ ?

14. 'ਆਪੋ ਆਪਣਾ ਹਿੱਸਾ' ਕਹਾਣੀ ਕਿਸ ਸਮੱਸਿਆ ਨੂੰ ਪੇਸ਼ ਕਰਦੀ ਹੈ ? (ਸ਼ਬਦ ਸੀਮਾ 100 – 125) *5*

**ਜਾਂ**

'ਵਹਿੰਗੀ' ਕਹਾਣੀ ਵਿੱਚ ਆਜ਼ਾਦੀ ਦੇ ਸੰਘਰਸ਼ ਵਿਚ ਪਾਤਰ ਦੇਸ਼ ਰਾਜ ਦਾ ਕੀ ਯੋਗਦਾਨ ਰਿਹਾ ਹੈ ? ਦੇਸ ਰਾਜ ਦੇ ਚਰਿਤ੍ਰ ਬਾਰੇ ਚਰਚਾ ਕਰੋ । (ਸ਼ਬਦ ਸੀਮਾ 100 – 125)

**15.** 'ਗੁਰਮਤਿ ਕਾਵਿ' ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਬਾਰੇ (150 – 200 ਸ਼ਬਦਾਂ ਵਿੱਚ) ਵਿਚਾਰ ਦੱਸੋ । *10*

**ਜਾਂ**

ਪੰਜਾਬੀ ਸੂਫੀ ਕਾਵਿ ਬਾਰੇ 150 – 200 ਸ਼ਬਦਾਂ ਵਿਚ ਆਪਣੇ ਵਿਚਾਰ ਪੇਸ਼ ਕਰੋ ।

**16.** ਕਦਰਾਂ ਕੀਮਤਾਂ 'ਤੇ ਆਧਾਰਿਤ ਪ੍ਰਸ਼ਨ : *5*

"ਤਵੀਤ ਵਾਲਾ ਪਾਣੀ ਪੀ ਕੇ ਉਹਨੂੰ ਲੱਗਿਆ, ਸਰੀਰ ਵਿੱਚ ਚੁਸਤੀ ਜਹੀ ਆ ਗਈ ਹੈ । ਪਹਿਲਾਂ ਜਦੋਂ ਸੁੱਤਾ ਉਠਦਾ ਸੀ ਤਾ ਕਿੰਨਾ-ਕਿੰਨਾ ਚਿਰ ਅੱਖਾਂ ਹੀ ਨਹੀਂ ਸਨ ਖੁਲ੍ਹਦੀਆਂ । ਅੱਜ ਉਹ ਪੂਰੀ ਤਰ੍ਹਾਂ ਸੁਚੇਤ ਸੀ ।"

ਕੀ ਤੁਸੀਂ ਇਸ ਪੈਰੇ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋ ? ਕੀ ਤਵੀਤ ਜਾਂ ਜਾਦੂ-ਟੋਣੇ ਕਿਸੇ ਕੰਮ ਵਿੱਚ ਸਹਾਈ ਹੋ ਸਕਦੇ ਹਨ – ਇਸ ਬਾਰੇ 100 ਕੁ ਸ਼ਬਦਾਂ ਵਿਚ ਵਿਚਾਰ ਪੇਸ਼ ਕਰੋ ।